ਪੰਜਾਬੀ ਯੂਨੀਵਰਸਿਟੀ,ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਿਤ)

(ਕਾਲਜ ਸੈਕਸ਼ਨ)

ਨੰ. 1620/ਕਾਲਜਾਂ/ਸ-1

ਮਿਤੀ - 25.7.2020

ਯੂਨੀਵਰਸਿਟੀ ਨਾਲ ਸਬੰਧਤ ਸਮੂਹ ਕਾਲਜਾਂ ਦੇ ਪ੍ਰਿੰਸੀਪਲ/ ਕਾਂਸਟੀਚੂਐਂਟ ਕਾਲਜਿਜ਼ ਦੇ ਡਾਇਰੈਕਟਰ ਸਾਹਿਬਾਨ ਨੂੰ

ਵਿਸ਼ਾ: ਸੈਸ਼ਨ 2020-21 ਦੌਰਾਨ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ/ ਕਾਂਸਟੀਚੂਐਂਟ ਕਾਲਜਾਂ ਲਈ ਦਾਖਲਿਆਂ ਦਾ ਸ਼ਡਿਊਲ :

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕੋਵਿਡ-19 ਦੀ ਸਥਿਤੀ ਦੇ ਮੱਦੇਨਜ਼ਰ Regulatory bodies ਦੀਆਂ ਗਾਈਡਲਾਈਨਜ਼ ਦੀ ਲੋਅ ਵਿੱਚ ਵਾਈਸ-ਚਾਂਸਲਰ ਸਾਹਿਬ ਵਲੋਂ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿਚ ਸੈਸ਼ਨ 2020-21 ਦੌਰਾਨ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ/ ਕਾਂਸਟੀਚੂਐਂਟ ਕਾਲਜਾਂ ਲਈ ਦਾਖਲਿਆਂ ਦੀਆਂ ਮਿਤੀਆਂ ਦਾ ਸ਼ਡਿਊਲ ਨਿਮਨਲਿਖਤ ਅਨੁਸਾਰ ਨਿਰਧਾਰਤ ਕਰਨ ਦੀ ਪ੍ਰਵਾਨਗੀ ਦਿੱਤੀ ਹੈ:-

ਦਾਖਲਿਆਂ ਦਾ ਸ਼ਡਿਊਲ:

ਐਜੂਕੇਸ਼ਨ/ਮੈਨੇਜਮੈਂਟ/ਟੈਕਨਾਲੋਜੀ/ਲਾਅ ਕੋਰਸਾਂ ਜਾਂ ਕੋਈ ਹੋਰ ਕੋਰਸਾਂ ਦੇ ਦਾਖਲੇ, ਜੋ ਕੇਂਦਰੀ ਦਾਖਲਾ ਏਜੰਸੀ/ ਪੰਜਾਬ ਸਰਕਾਰ ਵਲੋਂ ਐਂਟਰੈਂਸ ਟੈਸਟ/ਆਨ ਲਾਈਨ ਪ੍ਰਕਿਰਿਆ ਰਾਹੀਂ ਕੀਤੇ ਜਾਂਦੇ ਹਨ, ਉਨ੍ਹਾਂ ਕੋਰਸਾਂ ਦੇ ਦਾਖਲਿਆਂ ਦਾ ਸ਼ਡਿਊਲ ਯੂਨੀਵਰਸਿਟੀ ਵਲੋਂ ਨਿਰਧਾਰਤ ਨਹੀਂ ਕੀਤਾ ਜਾਂਦਾ ਹੈ।

ਪੰਜਾਬ ਸਰਕਾਰ ਵੱਲੋਂ ਮਹਾਰਾਜਾ ਭੁਪਿੰਦਰ ਸਿੰਘ ਸਪੋਰਟਸ ਯੂਨੀਵਰਸਿਟੀ ਸਥਾਪਿਤ ਕੀਤੇ ਜਾਣ ਕਾਰਨ ਸੈਸ਼ਨ 2020-21 ਤੋਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸਬੰਧਤ ਫਿਜ਼ੀਕਲ ਐਜੂਕੇਸ਼ਨ ਕਾਲਜਾਂ ਦੇ ਕਿਸੇ ਵੀ ਕੋਰਸ ਦੇ ਐਂਟਰੀ ਪੁਆਇੰਟ ਦੇ ਨਵੇਂ ਦਾਖਲਿਆਂ ਸਬੰਧੀ ਮਾਮਲਾ ਵਿਚਾਰ ਅਧੀਨ ਹੋਣ ਕਾਰਨ ਇਸ ਬਾਰੇ ਬਾਅਦ ਵਿੱਚ ਸਪੱਸ਼ਟ/ਸਰਕੂਲੇਟ ਕੀਤਾ ਜਾਵੇਗਾ।

ਅੰਡਰ-ਗ੍ਰੈਜੂਏਟ ਕੋਰਸਾਂ ਦੇ ਐਂਟਰੀ ਪੁਆਇੰਟ ਦੇ ਦਾਖਲਿਆਂ ਦਾ ਸ਼ਡਿਊਲ:-

(ਹਾਲ ਦੀ ਘੜੀ ਅਗਲੇ ਆਦੇਸ਼ਾਂ ਤੱਕ ਇਹ ਕਲਾਸਾਂ ਆਨ-ਲਾਈਨ ਵਿਧੀ ਰਾਹੀਂ ਲਗਾਈਆਂ ਜਾਣੀਆਂ ਹਨ)

| | | |
|---|---|---|
| 1 | ਸਮੈਸਟਰ ਅਤੇ ਸਾਲਾਨਾ ਪ੍ਰਣਾਲੀ ਦੇ ਅੰਡਰ-ਗ੍ਰੈਜੂਏਟ ਕੋਰਸਾਂ ਦੇ ਰੈਗੂਲਰ ਦਾਖਲੇ | 01.8.2020 ਤੋਂ 14.8.2020 ਤੱਕ (ਬਿਨ੍ਹਾਂ ਲੇਟ ਫੀਸ) |
| 2 | 500/- ਰੁ: ਲੇਟ ਫੀਸ ਅਤੇ ਕਾਲਜ ਦੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ | 15.8.2020 ਤੋਂ 18.8.2020 ਤੱਕ |
| 3 | 1000/- ਰੁ: ਲੇਟ ਫੀਸ ਅਤੇ ਡੀਨ, ਕਾਲਜ ਵਿਕਾਸ ਕੌਂਸਲ ਦੀ ਪ੍ਰਵਾਨਗੀ ਨਾਲ | 19.8.2020 ਤੋਂ 21.8.2020 ਤੱਕ |
| 4 | 1500/- ਰੁ: ਲੇਟ ਫੀਸ ਅਤੇ ਵਾਈਸ-ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ | 22.8.2020 ਤੋਂ 25.8.2020 ਤੱਕ |
| 5 | 2000/- ਰੁ: ਲੇਟ ਫੀਸ ਅਤੇ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਵਾਈਸ-ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ | 26.8.2020 ਤੋਂ 28.8.2020 ਤੱਕ |
| 6 | ਆਨ-ਲਾਈਨ ਕਲਾਸਾਂ ਸ਼ੁਰੂ ਹੋਣ ਦੀ ਮਿਤੀ | 20.8.2020 |

ਸਮੈਸਟਰ ਪ੍ਰਣਾਲੀ ਦੀ ਪੜ੍ਹਾਈ (ਜਿਨ੍ਹਾਂ ਕੋਰਸਾਂ ਵਿਚ ਸਮੈਸਟਰ ਪ੍ਰਣਾਲੀ ਲਾਗੂ ਹੈ)

For Odd Semester (ਆਨ ਲਾਈਨ ਵਿਧੀ ਰਾਹੀਂ)

ਸਮੈਸਟਰਾਂ ਦੀ ਪੜ੍ਹਾਈ (ਚਲਦੇ ਕੋਰਸ) 01.8.2020 ਤੋਂ 26.11.2020

(ਐਂਟਰੀ ਪੁਆਇੰਟ ਅੰਡਰ-ਗ੍ਰੈਜੂਏਟ ਦੇ ਕੋਰਸ) 20.8.2020 ਤੋਂ 05.12.2020

ਸਮੈਸਟਰਾਂ ਦੇ ਇਮਤਿਹਾਨ 10.12.2020 ਤੋਂ

For even Semester

ਸਮੈਸਟਰਾਂ ਦੀ ਪੜ੍ਹਾਈ 09.1.2021 ਤੋਂ 03.05.2021

ਸਮੈਸਟਰਾਂ ਦੇ ਇਮਤਿਹਾਨ 07.05.2021 ਤੋਂ

1.ਸਮੂਹ ਕਾਲਜਾਂ/ ਕਾਂਸਟੀਚੂਐਂਟ ਕਾਲਜਾਂ ਲਈ ਸਰਦੀ ਦੀਆਂ ਛੁੱਟੀਆਂ ਦਾ ਸ਼ਡਿਊਲ:

(a) ਸਰਦੀ ਦੀਆਂ ਛੁੱਟੀਆਂ : 26.12.2020 ਤੋਂ 08.1.2021

ਪੋਸਟ-ਗ੍ਰੈਜੂਏਟ ਕੋਰਸਾਂ ਦੇ ਦਾਖਲਿਆਂ ਦਾ ਸ਼ਡਿਊਲ ਬਾਅਦ ਵਿੱਚ ਨਿਰਧਾਰਤ ਕੀਤਾ ਜਾਵੇਗਾ।

ਨੋਟ : ਇਹ ਦਾਖਲਾ ਸ਼ਡਿਊਲ ਕੋਵਿਡ-19 ਦੀ ਸਥਿਤੀ ਦੇ ਮੱਦੇਨਜ਼ਰ ਬਣਾਇਆ ਗਿਆ ਹੈ ਇਸ ਨੂੰ ਕਿਸੇ ਸਮੇਂ ਵੀ ਰਿਵਾਈਜ਼ ਕੀਤਾ ਜਾ ਸਕਦਾ ਹੈ।

ਜਿਹੜੇ ਵਿਦਿਆਰਥੀ ਅਕਾਦਮਿਕ ਸੈਸ਼ਨ 2019-20 ਦੌਰਾਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਕੋਈ ਵੀ ਕਲਾਸ ਜੋ ਕਿ ਸਲਾਨਾ/ਸਮੈਸਟਰ ਪ੍ਰਣਾਲੀ ਅਧੀਨ ਆਉਂਦੀ ਹੈ, ਵਿੱਚੋਂ ਕੋਵਿਡ-19 ਦੇ ਹਾਲਾਤ ਦੇ ਮੱਦੇਨਜ਼ਰ ਪ੍ਰਮੋਟ ਹੋਣ ਉਪਰੰਤ ਅਗਲੀ ਕਲਾਸ/ਕੋਰਸ ਵਿੱਚ ਦਾਖਲਾ ਲੈਣਾ ਚਾਹੁੰਦੇ ਹਨ, ਉਨ੍ਹਾਂ ਵਿਦਿਆਰਥੀਆਂ ਲਈ ਸੈਸ਼ਨ 2020-21 ਦੇ ਦਾਖਲਿਆਂ ਦਾ ਸ਼ਡਿਊਲ:-

| | | |
|---|---|---|
| 1. | ਬਿਨਾਂ ਲੇਟ ਫੀਸ ਦਾਖਲਾ | (i) ਵਿਦਿਆਰਥੀਆਂ ਦੇ ਪ੍ਰਮੋਟ ਹੋਣ ਦੀ ਮਿਤੀ 21.7.2020 ਤੋਂ 15 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ* |
| 2. | 500/-ਰੁਪਏ ਲੇਟ ਫੀਸ ਅਤੇ ਕਾਲਜ ਦੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ | (ii) ਉਪਰੋਕਤ (i) ਤੋਂ ਅਗਲੇ 5 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ* |
| 3. | 1000/-ਰੁਪਏ ਲੇਟ ਫੀਸ ਅਤੇ ਡੀਨ, ਕਾਲਜ ਵਿਕਾਸ ਕੌਂਸਲ ਦੀ ਪ੍ਰਵਾਨਗੀ ਨਾਲ | (iii) ਉਪਰੋਕਤ (ii) ਤੋਂ ਅਗਲੇ 5 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ* |
| 4. | 2000/-ਰੁਪਏ ਲੇਟ ਫੀਸ ਅਤੇ ਵਾਈਸ-ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ | (iv) ਉਪਰੋਕਤ (iii) ਤੋਂ ਅਗਲੇ 5 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ* |

ਡੀਨ,
ਕਾਲਜ ਵਿਕਾਸ ਕੌਂਸਲ